# ਪਾਨੀ ਦਾ ਬਪਤਿਸਮਾ

ਫਰੈਂਕਲਿਣ ਰਾਹੀ ਅਧਿਅਣ

ਪਾਨੀ ਦੇ ਬਪਤਿਸਮੇ ਜੀਹੀ ਆਮ ਗੱਲ ਨੂੰ ਲੈਕੇ ਵਾਦਵਿਵਾਦ ਅਤੇ ਗਲਤਫੈਮੀਆਂ ਹਨ ।

ਸਾਡੀ ਗਲਤਫੈਮੀਆਂ ਬਪਤਿਸਮੇ ਬਾਰੇ ਇਸ ਤੱਥ ਤੋਂ ਸ਼ੁਰੂ ਹੋ ਜਾਂਦੀ ਹੈ ਜਦੋਂ ਨਵੇਂ ਨੇਮ ਦਾ ਅਨੁਵਾਦ ਹੋਈਆ, ਯੂਨਾਨੀ ਸ਼ਬਦ “ਬੈਪਤਿਸਮੋ” ਦਾ ਸਧਾਰਨ ਸ਼ਬਦ ਜੋੜ ਅੰਗਰੇਜ਼ੀ ਦੇ ਅੱਖਰਾਂ ਵਿੱਚ ਹੋਇਆ ।ਜੇ ਕਰ ਇਸ ਦਾ ਅਨੁਵਾਦ ਹੁੰਦਾ, ਤਾਂ ਇਹ ਲਿਖੀਆ ਹੋਨਾ ਸੀ “ਉਸ ਵਿੱਚ ਰੱਖਨਾ”, “ਡੁੱਬਕੀ” ਜਾਂ “ਡੋਬਣਾ” ।

ਜਦੋਂ ਬਪਤਿਸਮੇ ਦਾ ਜਿਕਰ ਹੁੰਦਾ ਹੈ, ਤਾਂ ਪਾਣੀ ਪਹਿਲੀ ਚੀਜ ਹੈ ਜੋ ਲੋਕਾਂ ਦੇ ਦਿਮਾਗ ਵਿੱਚ ਆਉਂਦਾ ਹੈ । ਪਰ ਬਚਨਾ ਨੂੰ ਪੜਨ ਤੋਂ, ਸਾਨੂੰ ਇੱਕ ਦਮ ਫੈਸਲੇ ਤੇ ਨਹੀਂ ਆਉਣਾ ਚਾਹੀਦਾ ਹੈ । ਜੀਵੇਂ ਕੀ:

ਲੂਕਾ 12:50
“ਪਰ **ਮੈਂ ਇੱਕ ਬਪਤਿਸਮਾ ਲੈਣਾ ਹੈ** ਅਤੇ ਜਗ ਤਕ ਉਹ ਸੰਪੂਰਣ ਨਾ ਹੋਵੇ ਤਦ ਤੀਕੁਰ ਮੈਂ ਕੇਡਾ ਔਖਾ ਰਹਾਂਗਾ” ।

ਯਿਸੂ ਪਾਣੀ ਦੇ ਬਪਤਿਸਮੇ ਬਾਰੇ ਗੱਲ ਨਹੀਂ ਕਰ ਰਹੇ ਸਨ – ਉਹਨਾਂ ਦਾ ਪਾਣੀ ਦਾ ਬਪਤਿਸਮਾ ਪਹਿਲੇ ਹੀ ਹੋ ਚੁਕਿਆ ਸੀ । ਉਹ ਮੌਤ ਦੇ ਸਥਾਨ ਵਿੱਚ ਰੱਖੇ ਜਾਣ ਦੀ ਗੱਲ ਕਰ ਰਹੇ ਸਨ ।

ਮਰਕੁਸ 10:38-39
ਯਿਸੂ ਨੇ ਉਨ੍ਹਾਂ ਨੂੰ ਕਿਹਾ, ਤੁਸੀਂ ਨਹੀਂ ਜਾਣਦੇ ਜੋ ਕੀ ਮੰਗਦੇ ਹੋ । ਭਲਾ, ਉਹ ਪਿਆਲਾ ਜਿਹੜਾ ਮੈਂ ਪੀਣਾ ਹੈ ਤੁਸੀਂ ਪੀ ਸੱਕਦੇ ਹੋ ਯਾ ਉਹ ਬਪਤਿਸਮਾ ਜਿਹੜਾ ਮੈਂ ਲੈਣਾ ਹੈ ਤੁਸੀਂ ਲੈ ਸੱਕਦੇ ਹੋ ? ਉਨ੍ਹਾਂ ਉਸ ਨੂੰ ਆਖਿਆ, ਸਾਥੋਂ ਹੋ ਸੱਕਦਾ ਹੈ । ਯਿਸੂ ਨੇ ਉਨ੍ਹਾਂ ਨੂੰ ਆਖਿਆ, ਉਹ ਪਿਆਲਾ ਜਿਹੜਾ ਮੈਂ ਪੀਣਾ ਹੈ ਤੁਸੀਂ ਤਾਂ ਪੀਓਗੇ ਅਤੇ ਉਹ ਬਪਤਿਸਮਾ ਜਿਹੜਾ ਮੈਂ ਲੈਣਾ ਹੈ ਤੁਸੀਂ ਲਵੋਗੇ ।

ਹਾਂ, ਸਬ ਜਿਹੜੇ ਵਿਸਵਾਸ ਕਰਦੇ ਹਨ **ਉਸਦੀ ਮੌਤ ਦਾ ਬਪਤਿਸਮਾ ਲੈਣਗੇ!** ਰੋਮੀਆਂ 6:4 ਇਸੇ ਦੀ ਗੱਲੋ ਕਰ ਰਿਹਾ ਹੈ ਉਸਦੀ ਮੌਤ ਦੀ ਥਾਂ ਰਖੇ ਗਏ ।ਪਾਣੀ ਨਹੀਂ! ਪਾਣੀ ਦਾ ਬਪਤਿਸਮਾ **ਇੱਕ ਤੱਸਵੀਰ ਹੈ** ਉਸਦੇ ਮੌਤ ਦੀ ਥਾਂ ਤੇ ਰਖੇ ਜਾਣ ਦੀ ।

ਰੋਮੀਆਂ 6:4
ਸੋ **ਅਸੀਂ ਮੌਤ ਦਾ ਬਪਤਿਸਮਾ** ਲੈਣ ਕਰਕੇ ਉਸਦੇ ਨਾਲ **ਦੱਬੇ ਗਏ** ਤਾਂ ਜੋ ਜਿਵੇਂ ਪਿਤਾ ਦੀ ਵੱਡਿਆਈ ਦੇ ਵਸੀਲੇ ਨਾਲ ਮਸੀਹ ਮੁਰਦਿਆਂ ਵਿੱਚੋਂ ਜਿਵਾਲਿਆ ਗਿਆ, ਤਿਵੇਂ ਅਸੀਂ ਵੀ ਨਵੇਂ ਜੀਵਨ ਦੀ ਰਾਹ ਚਲੀਏ ।

ਕੁੱਲੁਸੀਆਂ 2:12 ਵੀ ਮੌਤ ਦੇ ਬਪਤਿਸਮੇ ਦੀ ਗੱਲ ਕਰ ਰਿਹਾ ਹੈ ਪਾਣੀ ਦੀ ਨਹੀਂ ।“ਤੁਸੀਂ ਬਪਤਿਸਮੇ ਵਿੱਚ ਉਸਦੇ ਨਾਲ ਦੱਬੇ ਗਏ, ਜਿਹ ਦੇ ਵਿੱਚ ਪਰਮੇਸ਼ੁਰ ਦੀ ਕਰਨੀ ਉੱਤੇ ਨਿਹਚਾ ਰੱਖ ਕੇ ਜਿਵੇਂ ਉਸ ਨੇ ਉਹ ਨੂੰ ਮੁਰਦਿਆਂ ਵਿੱਚੋਂ ਉਠਾਇਆ ਤੁਸੀਂ ਉਹ ਦੇ ਨਾਲ ਉਠਾਏ ਵੀ ਗਏ”।

ਇਸ ਦੇ ਨਾਲ ਇਹ ਗੱਲ ਬਣਦੀ ਹੈ ਕਿ ਬਪਤਿਸਮਾ ਦਾ ਮਤਲਬ ਹਮੇਸ਼ਾ "ਪਾਣੀ ਵਿੱਚ" ਨਹੀਂ ਹੈ ।

1 ਪਤਰਸ 3:21 ਦੀ ਠੀਕ ਸਮਝ ਇਸ ਨੂੰ ਠੀਕ ਤਰ੍ਹਾਂ ਸਮਝਣ ਵਿੱਚ ਮਦੱਦ ਕਰੇਗਾ ।

1 ਪਤਰਸ 3:18-22
"ਕਿਉਂ ਜੋ ਮਸੀਹ ਨੇ ਭੀ ਇੱਕ ਵਾਰ ਪਾਪਾਂ ਦੇ ਪਿੱਛੇ ਦੁਖ ਝੱਲਿਆ ਅਰਥਾਤ ਧਰਮੀ ਨੇ ਕੁਧਰਮੀਆਂ ਦੇ ਲਈ ਭਈ ਉਹ ਸਾਨੂੰ ਪਰਮੇਸ਼ੁਰ ਦੇ ਕੋਲ ਪੁਚਾਵੇ । ਉਹ ਤਾਂ ਸਰੀਰ ਕਰਕੇ ਮਾਰਿਆ ਗਿਆ ਪਰ ਆਤਮਾ ਕਰਕੇ ਜਿਵਾਲਿਆ ਗਿਆ । ਜਿਹ ਦੇ ਵਿੱਚ ਹੋ ਕੇ ਉਹ ਨੇ ਉਨ੍ਹਾਂ ਆਤਮਿਆਂ ਦੇ ਕੋਲ ਜਿਹੜੇ ਕੈਦ ਵਿੱਚ ਸਨ ਜਾ ਕੇ ਮਨਾਦੀ ਕੀਤੀ । ਜਿਹੜੇ ਪਿੱਛਲੇ ਸਮੇਂ ਅਣਆਗਿਆਕਾਰੀ ਸਨ ਜਿਸ ਵੇਲੇ ਪਰਮੇਸ਼ੁਰ ਨੂਹ ਦੇ ਦਿਨੀਂ ਧੀਰਜ ਨਾਲ ਉਡੀਕ ਕਰਦਾ ਸੀ ਜਦ ਕਿਸ਼ਤੀ ਤਿਆਰ ਹੁੰਦੀ ਪਈ ਸੀ ਜਿਹ ਦੇ ਵਿੱਚ ਥੋੜੇ **ਅਰਥਾਤ ਅੱਠ ਜਣੇ ਪਾਣੀ ਤੋਂ ਬਚ ਗਏ** ।

ਇਹ **ਬਪਤਿਸਮੇ ਦਾ ਨਮੂਨਾ ਹੈ ਜੋ ਹੁਣ ਤੁਹਾਨੂੰ** ਵੀ ਯਿਸੂ ਮਸੀਹ ਦੇ ਜੀ ਉੱਠਣ ਦੇ ਕਾਰਨ **ਬਚਾਉਂਦਾ ਹੈ** । ਏਹ ਸਰੀਰ ਦੀ ਮੈਲ ਲਾਹੁਣੀ ਨਹੀਂ ਪਰ ਸ਼ੁੱਧ ਅੰਤਹਕਰਨ ਨਾਲ ਪਰਮੇਸ਼ੁਰ ਨੂੰ ਭਾਲਣਾ ਹੈ । ਉਹ ਸੁਰਗ ਵਿੱਚ ਜਾ ਕੇ ਪਰਮੇਸ਼ੁਰ ਦੇ ਸੱਜੇ ਹੱਥ ਹੈ ਅਤੇ ਦੂਤ ਅਤੇ ਇਖਤਿਆਰ ਵਾਲੇ ਅਤੇ ਸ਼ਕਤੀ ਵਾਲੇ ਉਹ ਦੇ ਅਧੀਨ ਕੀਤੇ ਹੋਏ ਹਨ" ।

ਕਿਸ਼ਤੀ ਸੁਰਖਿਆ ਦਾ ਸਥਾਨ ਸੀ! ਕਿਸ਼ਤੀ ਯਿਸੂ ਮਸੀਹ ਦੀ **ਤਸਵੀਰ** ਹੈ! ਪ੍ਰਭੂ ਨੇ ਚੁਣਿਆ ਕੋਣ ਪ੍ਰਵੇਸ਼ ਕਰੇਗਾ – ਉਹ ਜਿਹਨਾਂ ਨੇ ਉਸ ਉੱਤੇ ਨਿਹਚਾ ਕੀਤੀ । ਉਸਨੇ ਉਹਨਾਂ ਨੂੰ ਅੰਦਰ ਰੱਖਿਆ – ਅੰਦਰ ਰੱਖਿਆ ਇੱਕ ਤਸਵੀਰ ਹੈ ਯਿਸੂ ਮਸੀਹ ਵਿੱਚ ਬਪਤਿਸਮੇ ਦੀ ।

ਉਹ ਕਿਸ਼ਤੀ ਦੇ ਅੰਦਰ ਇਸ ਲਈ ਰੱਖੇ ਗਏ:
ਉਤਪਤ 6:8-9 ਪਰ **ਨੂਹ ਉੱਤੇ ਯਹੋਵਾਹ ਦੀ ਕਿਰਪਾ ਦੀ ਨਿਗਾਹ ਹੋਈ** । *ਇਹ ਨੂਹ ਦੀ ਕੁਲ ਪੱਤਰੀ ਹੈ । ਨੂਹ ਇੱਕ ਧਰਮੀ ਮਨੁੱਖ ਸੀ ਅਤੇ ਆਪਣੀ ਪੀੜ੍ਹੀ ਵਿੱਚ ਸੰਪੂਰਨ ਸੀ ਅਤੇ ਨੂਹ ਪ੍ਰਮੇਸ਼ੁਰ ਨਾਲ ਚਲਦਾ ਸੀ ।*

ਨੂਹ ਧਰਮੀ ਸੀ ਅਤੇ ਪਰਮੇਸ਼ੁਰ ਨਾਲ ਚਲਦਾ ਸੀ ਕਿਸ਼ਤੀ ਵਿੱਚ ਦਾਖਿਲ ਹੋਣ ਤੋਂ ਪਹਿਲਾਂ । ਕਿਸ਼ਤੀ ਤਸਵੀਰ ਹੈ "ਯਿਸੂ ਵਿੱਚ" **ਯਿਸੂ ਮਸੀਹ ਵਿੱਚ ਬਪਤਿਸਮੇ** ਦੀ ਕਿਉਂਕਿ ਨੂਹ ਨੇ ਵਿਸਵਾਸ ਕੀਤਾ ਇਸ ਤੋਂ ਪਹਿਲੇ ਕਿ ਉਸ ਦਾ ਬਪਤਿਸਮਾ ਹੋਇਆ ।

ਉਹ "***ਪਾਣੀ ਵਿੱਚੋਂ ਸੁਰੱਖਿਅਤ ਪਾਰ ਹੋ ਗਏ***" ਕਿਉਂਕਿ ਉਹ "ਕਿਸ਼ਤੀ ਵਿੱਚ ਰੱਖੇ ਗਏ – ਯਿਸੂ ਵਿੱਚ! ਪਾਣੀ ਨੇ ਉਹਨ੍ਹਾਂ ਨੂੰ ਨਹੀਂ ਬਚਾਇਆ – ਕਿਸ਼ਤੀ ਇੱਕ ਤਰ੍ਹਾਂ ਯਿਸੂ ਦੀ ਤਸਵੀਰ – ਉਹਨਾਂ ਨੂੰ ਬਚਾਇਆ ਅਤੇ ਪਾਣੀ ਵਿੱਚੋਂ ਸੁਰੱਖਿਅਤ ਪਾਰ ਲੈ ਆਇਆ ।

ਪਾਣੀ ਪ੍ਰਭੂ ਦਾ ਨਿਆਂ ਸੀ । ਉਹ ਨਿਆਂ ਤੋਂ ਪਾਰ ਲੰਘ ਗਏ ਕਿਉਂਕਿ ਉਹ ਕਿਸ਼ਤੀ ਵਿੱਚ ਸਨ ਜਿਵੇਂ ਅਸੀਂ "ਯਿਸੂ ਵਿੱਚ" (ਰੋਮੀਆਂ 6:3; ਗਲਾਤੀਆਂ 3:27) ਅਤੇ ਅਸੀਂ ਨਿਆਂ ਤੋਂ ਬੱਚ ਜਾਵਾਂਗੇ ।

"ਇਸਨੂੰ ਜ਼ਾਰੀ ਰਖਦੇ ਹੋਏ, **ਹੁੰਣ ਬਪਤਿਸਮਾ ਸਾਨੂੰ ਬਚਾਉਂਦਾ ਹੈ"** ।

**ਯਿਸੂ ਵਿੱਚ ਬਪਤਿਸਮਾ** (ਕਿਸ਼ਤੀ) ਸਾਨੂੰ ਆਓਣ ਵਾਲੇ ਨਿਆਂ ਤੋਂ ਬਚਾਉਂਦਾ ਹੈ ਜਿਹੜੀ ਕਿ ਸਾਡੇ **ਪਾਣੀ ਵਿੱਚ ਬਪਤਿਸਮੇ** ਦੀ ਤਸਵੀਰ ਹੈ ।
"*ਸ਼ਰੀਰ ਵਿੱਚੋਂ ਗੰਦਗੀ ਨੂੰ ਹਟਾਉਣਾ ਨਹੀਂ,"* (ਉਹ ਨਹੀ ਹੈ ਜੋ ਪਾਣੀ ਕਰਦਾ ਹੈ) *"ਪਰ ਸਗੋਂ ਇੱਕ ਅੱਛੇ ਵਿਵੇਕ ਦੀ ਮੰਗ ਪਰਮੇਸ਼ੁਰ ਕੋਲੋਂ - ਯਿਸੂ ਮਸੀਹ ਦੇ ਜੀ ਉਠੱਣ ਦੇ ਰਾਹੀ"* । ਸਾਡੇ ਕੋਲ ਇੱਕ ਅੱਛਾ ਵਿਵੇਕ ਹੈ ਸਾਡੇ ਵਿਸਵਾਸ ਕਾਰਣ ਕਿ ਅਸੀਂ "ਯਿਸੂ ਵਿੱਚ" ਹਾਂ, ਅਸੀਂ ਉਸ ਨਾਲ ਮਰ ਗਏ ਅਤੇ ਉਸ ਨਾਲ ਜਿਵਾਲੇ ਗਏ ਉਸਦੇ ਜੀ ਉਠੱਣ ਵਿੱਚ ਤਾਂ ਜੋ ਅਸੀਂ "ਨਵੇਂ ਜੀਵਨ ਦੀ ਚਾਲ ਚਲੀਏ" ।

ਅਤੇ ਪਾਣੀ ਦਾ ਬਪਤਿਸਮਾ ਇਸ ਸਭ ਦੀ ਤਸਵੀਰ ਹੈ । ਅਤੇ ਸਾਡੇ ਮੁੱਕਤੀ ਦਾਤਾ ਦੀ ਆਗਿਆਕਾਰਿਤਾ ਦਾ ਪਹਿਲਾ ਕੰਮ ਹੈ , ਉਹ ਜਿਹੜਾ ਸਾਡਾ ਪ੍ਰਭੂ ਵੀ ਹੋਣਾ ਚਾਹੀਦਾ ਹੈ ਕਿ ਸਾਨੂੰ ਇਸ ਸੰਸਾਰ ਦੀ ਗੰਦਗੀ ਤੋਂ ਬਚਾਵੇ ਜੋ ਪਾਪ ਦੇ ਰਾਹੀ ਸ਼ੈਤਾਨ ਹਮਲੇ ਕਰਦਾ ਹੈ ।

ਇਸ ਲਈ ਯਿਸੂ ਨੇ ਆਖਿਆ, (ਮਰਕੁਸ 16:16) "*ਉਹ ਜਿਹੜਾ ਨਿਹਚਾ ਕਰੇ* (ਵਿਸਵਾਸ ਰਾਹੀ ਧਰਮੀ) *ਅਤੇ ਬਪਤਿਸਮਾ ਲਵੇ ਬਚਾਇਆ ਜਾਵੇਗਾ* (ਨਿਆਂ ਅਤੇ ਇਸ ਸੰਸਾਰ ਦੀ ਗੰਦਗੀ ਦੋਨਾਂ ਤੋਂ) *ਪਰ ਉਹ ਜਿਹੜਾ **ਪਰਤੀਤ ਨਾਂ ਕਰੇ** ਉਸ ਉਤੇ ਸਜਾ ਦਾ ਹੁਕਮ ਹੋਵੇਗਾ ।*

ਸਦੀਪਕ ਮੌਤ ਦੀ ਸਜ਼ਾ ਜਿਸ ਤੋਂ ਪਾਣੀ ਦਾ ਬਪਤਿਸਮਾ ਨਹੀਂ ਬਚਾ ਸਕਦਾ ।

ਸਦੀਪਕ ਜੀਵਨ ਨਿਰਭਰ ਕਰਦਾ ਹੈ - ਸੱਚਾਈ ਤੇ ਵਿਸਵਾਸ । (ਇਹ ਧਰਮੀ ਠਹਿਰਾਉਣਾ ਹੈ) ਪਾਣੀ ਦਾ ਬਪਤਿਸਮਾ (ਆਗਿਆਕਾਰੀ) ਸਾਨੂੰ ਬਚਾਉਂਦਾ ਹੈ ਭਸ਼ਟਾਚਾਰ ਅਤੇ ਸੰਸਾਰ ਵਿੱਚ ਪਾਪ ਦੀ ਗੰਦਗੀ ਜਿਸ ਦੇ ਰਾਹੀ ਸ਼ੈਤਾਨ ਨੂੰ ਮੌਕਾ ਮਿਲਦਾ ਹੈ ।

ਇਸ ਲਈ 'ਸਲੀਬ ਤੇ ਡਾਕੂ' ਨੇ ਵਿਸਵਾਸ ਕੀਤਾ ਅਤੇ ਇਸ ਲਈ ਸਦੀਪਕ ਜੀਵਨ ਪਾਇਆ ਲੇਕਿਨ ਉਸਦਾ ਪਾਣੀ ਵਿੱਚ ਬਪਤਿਸਮਾ ਨਹੀਂ ਹੋਇਆ । ਉਸਨੂੰ ਜਰੂਰਤ ਨਹੀਂ ਸੀ ਕਿ ਉਹ ਸੰਸਾਰ ਦ ਗੰਦਗੀ ਤੋਂ ਬਚਾਇਆ ਜਾਵੇ ਕਿਉਂ ਜੋ ਉਹ ਸੰਸਾਰ ਨੂੰ ਛੱਡ ਕੇ ਜਾ ਰਿਹਾ ਸੀ ।

ਪਾਣੀ ਦਾ ਬਪਤਿਸਮਾ ਬੰਧਿਆ ਹੋਇਆ ਹੈ **ਸੰਸਾਰ ਵਿੱਚ ਸਾਡੀ ਮੁੱਕਤੀ ਨਾਲ, ਨਾ ਕਿ ਧਰਮੀ ਠਹਿਰਾਏ ਜਾਣ ਅਤੇ ਸਦੀਪਕ ਜੀਵਨ ਦੇ ਨਾਲ ।** ਪਾਣੀ ਦਾ ਬਪਤਿਸਮਾ ਸਾਡਾ ਛੁਟਕਾਰਾ ਹੈ ਸੰਸਾਰ ਦੇ ਭ੍ਰਸ਼ਟਾਚਾਰ ਅਤੇ ਸ਼ੈਤਾਨੀ ਕੰਮ ਇਹਨਾਂ ਵਿੱਚ ਇਹ ਆਗਿਆਕਾਰਿਤਾ ਹੈ ਅਤੇ ਅਸੀਂ "ਮਸੀਹ ਨਾਲ ਸਲੀਬ ਚੜਾ ਦਿੱਤੇ" ਮਰ ਗਏ ਹਾਂ । ਅਤੇ ਮ੍ਰਿਤਿਕ ਆਦਮੀ ਪਾਪ ਨਹੀਂ ਕਰਦਾ ।

ਇਸ ਦੇ ਸਮਾਨ ਹੀ ਦੇਖੋ 1 ਕੁਰਿੰਥੀਆਂ 10:2
"ਅਤੇ ਸਭਨਾਂ ਨੂੰ ਉਸ ਬੱਦਲ ਅਤੇ ਉਸ ਸਮੁੰਦਰ ਵਿੱਚ ਮੂਸਾ ਦਾ ਬਪਤਿਸਮਾ ਮਿਲਿਆ" ।

ਬੱਦਲ ਗਵਾਹ ਸੀ ਉਹਨਾਂ ਦੇ ਧਰਮੀ ਠਹਿਰਾਏ ਜਾਣ, ਫਸਹ ਦੇ ਲੇਲੇ ਦੇ ਲਹੂ ਰਾਹੀ ਉਹਨਾਂ ਦੇ ਮਿਸਰ ਨੂੰ ਛਡਣ ਤੋਂ ਪਹਿਲਾਂ ਉਸੀ ਤਰਾਂ ਜਿਸ ਤਰਾਂ ਨੂਹ ਨੂੰ ਕ੍ਰਿਪਾ ਮਿਲੀ ਹੜ ਆਉਣ ਤੋਂ ਪਹਿਲਾਂ ।

ਇਸਰਾਇਲ ਨੂੰ ਲੋੜ ਸੀ ਫਿਰੋਣ ਤੋਂ ਛੜਾਏ ਜਾਣ ਦੀ । ਇਸ ਲਈ ਉਹਨਾਂ ਦਾ ਸਮੁੰਦਰ ਵਿੱਚ ਬਪਤਿਸਮਾ ਹੋਇਆ ਅਤੇ ਆਪਣੇ ਸੰਸਾਰੀ ਕੰਮ ਕਰਾਉਣ ਵਾਲੇ ਮਾਲਿਕ ਤੋਂ ਆਜ਼ਾਦ ਕੀਤੇ ਗਏ ਜਿਵੇਂ ਹੀ ਉਹਨਾਂ ਨੇ ਪ੍ਰਭੂ ਦੀ ਆਗਿਆਕਾਰੀ ਕੀਤੀ ਅਤੇ ਪਾਣੀ ਵਿੱਚ ਉਤਰ ਗਏ ।

## ਬਪਤਿਸਮਾ ਕੇਵਲ ਯਿਸੂ ਦੇ ਨਾਂ ਵਿੱਚ

ਉਹ ਲੋਕ ਜਿਹੜੇ ਸਿਖਿਆ ਲੈ ਕੇ ਆ ਰਹੇ ਹਨ **ਕੇਵਲ ਯਿਸੂ ਦੇ ਨਾਂ ਵਿੱਚ ਬਪਤਿਸਮਾ ਲੈਣਾ** ਚੋਰੀ ਅਤੇ ਨਾਸ਼ ਕਰ ਰਹੇ ਹਨ "ਅੱਛਾ ਅਤੇ ਸੁੱਧ ਵਿਵੇਕ" ਵਿਸਵਾਸੀਆਂ ਤੋਂ ਆਪਣੀ ਥੋਖੇ ਅਤੇ ਝੂਠੀ ਸਿਖਿਆ ਰਾਹੀ ।

### ਸਭ ਤੋਂ ਪਹਿਲਾਂ:

ਉਸ ਦਾ ਕੋਈ ਫਰਕ ਨਹੀਂ ਪੈਂਦਾ ਉਹ ਜਿਹੜਾ 'ਬਪਤਿਸਮਾ ਕਰ ਰਿਹਾ ਹੈ' ਕਿ ਕਹਿੰਦਾ ਹੈ – ਪਰ ਜਿਹੜਾ 'ਬਪਤਿਸਮਾ ਲੈ ਰਿਹਾ ਹੈ' ਉਹ ਕਿ ਵਿਸਵਾਸ ਕਰਦਾ ਹੈ ।

> ਪ੍ਰਭੂ ਦਿਲ ਵੇਖਦਾ ਹੈ (1 ਸਮੂਏਲ 16:7; ਰੋਮੀਆਂ 8:27; 1 ਥੱਸਲੁਨੀਕੀਆਂ 2:4) । ਜੇ ਕਰ ਉਹ ਸੱਚਾ ਨਿਸਚਾ ਨਹੀਂ ਦੇਖਦਾ, ਤਾਂ ਫਰਕ ਨਹੀਂ ਪੈਂਦਾ ਕਿ ਆਖਿਆ ਗਿਆ, ਵਿਅਕਤੀ ਨੇ ਬਪਤਿਸਮਾ ਨਹੀਂ ਲਿਆ ਸਿਰਫ਼ ਪਾਣੀ ਵਿੱਚ ਗਿੱਲਾ ਹੋ ਗਿਆ । ਜੇ ਕਰ ਪ੍ਰਭੂ ਸੱਚਾ ਵਿਸਵਾਸ ਦੇਖਦਾ ਹੈ ਤਾਂ ਫਰਕ ਨਹੀਂ ਪੈਂਦਾ ਜੇਕਰ ਉਸਨੇ ਬਪਤਿਸਮਾ ਲਿਆ: ਯਿਸੂ ਦੇ ਨਾਂ ਦਾ ਤੇ ਜਾਂ ਪਿਤਾ, ਪੁੱਤਰ ਤੇ ਪਵਿੱਤਰ ਆਤਾ ਦੇ ਨਾਂ ਦਾ, ਜਾਂ ਕੁੱਝ ਵੀ ਨਹੀਂ ਕਿਹਾ ਗਿਆ, ਇਹ ਇੱਕ ਸੱਚਾ ਬਪਤਿਸਮਾ ਹੈ ਉਸ ਵਿਅਕਤੀ ਦੇ ਵਿਸਵਾਸ ਅਤੇ ਆਗਿਆਕਾਰੀ ਦੇ ਕਾਰਨ ।

ਇਸ ਲਈ, ਜੋ ਕਿਹਾ ਗਿਆ ਉਹ **ਪ੍ਰਭੂ** ਵਾਸਤੇ ਨਹੀਂ, ਪਰ ਜੋ ਲੋਕ ਉਥੇ ਖੜੇ ਹਨ ਉਹਨਾਂ ਲਈ ਹੈ । ਉਦਾਹਰਨ ਲਈ:

ਯੂਹੰਨਾ 11:41-44
ਸੋ ਉਹਨਾਂ ਉਸ ਪੱਥਰ ਨੂੰ ਹਟਾ ਦਿੱਤਾ । ਅਤੇ ਯਿਸੂ ਨੇ ਅੱਖਾਂ ਉਤਾਹਾਂ ਕਰਕੇ ਆਖਿਆ, " ਹੇ ਪਿਤਾ ਮੈਂ ਤੇਰਾ ਸ਼ੁੱਕਰ ਕਰਦਾ ਹਾਂ ਜੋ ਤੈਂ ਮੇਰੀ ਸੁਣੀ ਅਤੇ ਮੈਂ ਜਾਣਿਆ ਜੋ ਤੂੰ ਮੇਰੀ ਸਦਾ ਸੁਣਦਾ ਹੈਂ; ਪਰ ਇਹਨਾਂ **ਲੋਕਾਂ ਕਾਰਨ ਜਿਹੜੇ ਆਲੇ ਦੁਆਲੇ ਖੜੇ ਹਨ ਮੈਂ ਇਹ ਆਖਿਆ**, ਤਾਂ ਉਹ ਪਰਤੀਤ ਕਰਨ ਜੋ ਤੈਂ ਮੈਨੂੰ ਘੱਲਿਆ" । ਜਦੋਂ ਉਹ ਇਹ ਗਲਾਂ ਕਹਿ ਹੱਟਿਆ, ਉਸ ਨੇ ਉੱਚੀ ਅਵਾਜ਼ ਨਾਲ ਕਿਹਾ, "ਲਾਜ਼ਰ ਬਾਹਰ ਆ ਜਾ" ।

### ਦੂਜਾ:

- **ਪਿਤਾ** ਖੁੱਸ਼ ਹੁੰਦਾ ਹੈ ਸਾਰੀ ਆਦਰ ਤੇ ਮਹਿਮਾ ਯਿਸੂ ਨੂੰ ਦੇ ਕੇ
  ਕੁੱਲਸੀਆਂ 1:15-19 ਫ਼ਿਲਿਪੀਆਂ 2:9
- **ਪੁੱਤਰ** ਖੁਸ਼ ਹੁੰਦਾ ਹੈ ਸਾਰਾ ਆਦਰ ਤੇ ਮਹਿਮਾ ਪਿਤਾ ਨੂੰ ਦੇ ਕੇ
  ਯੂਹੰਨਾ 8:29; 14:13; 17:4
- **ਪਵਿੱਤਰ ਆਤਮਾ** ਖੁਸ਼ ਹੁੰਦਾ ਹੈ ਸਾਰੀ ਆਦਰ ਮਹਿਮਾ ਪੁੱਤਰ ਅਤੇ ਪਿਤਾ ਨੂੰ ਦੇ ਕੇ
  ਯੂਹੰਨਾ 16:13-15
- **ਯਿਸੂ** ਪਵਿੱਤਰ ਆਤਮਾ ਨੂੰ ਆਦਰ ਦਿੰਦੇ ਹਨ ਲੂਕਾ 12:10

ਕੋਈ ਈਰਖਾ ਨਹੀਂ ਹੈ ਪਿੱਤਾ, ਪੁੱਤਰ ਅਤੇ ਪਵਿੱਤਰ ਆਤਮਾ ਵਿੱਚ । ਜੇ ਇਕ ਵਿਅਕਤੀ ਦਾ ਬਪਤਿਸਮਾ ਯਿਸੂ ਦੇ ਨਾਂ ਵਿੱਚ ਹੁੰਦਾ ਹੈ ਤਾਂ ਪਿਤਾ ਅਤੇ ਪਵਿੱਤਰ ਆਤਮਾ ਖੁੱਸ਼ ਹੁੰਦੇ ਹਨ (ਯੂਹੰਨਾ 16:23-24) ।

## ਤੀਸਰਾ:

ਯਿਸੂ ਦੇ ਨਾਂ ਵਿੱਚ ਬਪਤਿਸਮਾ ਦੇਣਾ ਪਿਤਾ ਦੇ ਨਾਂ ਵਿੱਚ ਬਪਤਿਸਮਾ ਦੇਣਾ ਹੈ, ਚਾਹੇ ਬੋਲਿਆ ਜਾਵੇ ਜਾਂ ਨਹੀਂ ਦੋਵੇਂ ਇੱਕ ਹਨ ।

ਯੂਹੰਨਾ 10:30; 14:10-11; 17:21-23

ਅਸਲੀ ਗੱਲ ਕਿ ਪਿਤਾ, ਪੁੱਤਰ ਅਤੇ ਪਵਿੱਤਰ ਆਤਮਾ ਹੈ ਅਤੇ ਆਪਣੇ ਆਪ ਨੂੰ ਦਿੰਦੇ ਹਨ: ਇਕੱਠ ਅਤੇ ਏਕਤਾ ਬਣਾਏ ਰੱਣ ਲਈ , ਇਸਤੇਮਾਲ ਕੀਤੇ ਜਾਂਦੇ ਹਨ ਵੰਡ ਅਤੇ ਅਲਗਾਵ ਲਿਆਉਣ ਲਈ ਮਸੀਹ ਦੀ ਦੇਹ ਵਿੱਚ ।

## ਚੌਥਾ:

ਰਸੂਲਾਂ ਦੇ ਕੱਰਤਬ 2:38 ਤਦ ਪਤਰਸ ਨੇ ਉਨ੍ਹਾਂ ਨੂੰ ਆਖਿਆ, "ਤੋਬਾ ਕਰੋ ਅਤੇ ਤੁਹਾਡੇ ਵਿੱਚੋਂ ਹਰੇਕ ਆਪੋ ਆਪਣੇ ਪਾਪਾਂ ਦੀ ਮਾਫੀ ਦੇ ਲਈ **ਯਿਸੂ ਮਸੀਹ ਦੇ ਨਾਮ ਉਤੇ ਬਪਤਿਸਮਾ ਲਵੇ** ਤਾਂ ਪਵਿੱਤਰ ਆਤਮਾ ਦਾ ਦਾਨ ਪਾਉਗੇ ।

ਰਸੂਲਾਂ ਦੇ ਕੱਰਤਬ 10:48
ਅਤੇ ਉਸਨੇ ਹੁਕਮ ਕੀਤਾ ਕਿ ਉਹਨਾਂ ਨੂੰ **ਯਿਸੂ ਮਸੀਹ ਦੇ ਨਾਮ ਵਿੱਚ ਬਪਤਿਸਮਾ ਦਿੱਤਾ ਜਾਵੇ** । ਫੇਰ ਉਹਨਾਂ ਉਸਦੀ ਮਿੰਨਤ ਕੀਤੀ ਭਈ ਉਹ ਕੁਝ ਦਿਨ ਉੱਥੇ ਰਹੇ ।

**"ਨਾਮ ਵਿੱਚ"** ਦਾ ਅੱਰਥ ਹੈ: - ਉਸਦੇ ਅਧਿਕਾਰ ਰਾਹੀ

ਉਦਾਹਰਨ: "ਬਿਵਸਥਾ ਦੇ ਨਾਮ ਤੇ ਖੁਲ ਜਾਣਾ!" ਜੋ ਵਿਅਕਤੀ ਇਹ ਬੋਲ ਰਿਹਾ ਹੈ ਸਰਕਾਰ ਦੇ **ਅਧਿਕਾਰ ਹੇਠ** ਬੋਲ ਰਿਹਾ ਹੈ ਅਤੇ **ਉਸਨੂੰ ਦੱਸਿਆ ਗਿਆ ਹੈ ਕਿ ਕੀ ਕਰਣਾ ਹੈ** ਅਤੇ ਉਸਨੂੰ ਕਰਨ ਦਾ ਅਧਿਕਾਰ ਦਿੱਤਾ ਗਿਆ ਹੈ ।

ਜਦੋਂ ਯਿਸੂ ਸਾਨੂੰ ਦੱਸਦੇ ਹਨ ਕਿ ਕਿਵੇਂ ਬਪਤਿਸਮਾ ਦੇਣਾ ਹੈ ਇਕ ਫਾਰਮੁੱਲਾ ਨਹੀਂ ਪਰ ਸਗੋਂ **ਕਿਸ ਅਧਿਕਾਰ ਨਾਲ** ਅਸੀਂ ਇਹ ਕੰਮ ਕਰ ਰਹੇ ਹਾਂ ।

ਮੱਤੀ 28:18-20
ਅਤੇ ਯਿਸੂ ਨੇ ਕੋਲ ਆਣ ਕੇ ਉਨ੍ਹਾਂ ਨਾਲ ਗਲਾਂ ਕੀਤੀਆਂ ਅਤੇ ਆਖਿਆ, " ਆਕਾਸ਼ ਅਤੇ ਧਰਤੀ ਦਾ **ਸਾਰਾ ਇੱਖਤਿਆਰ ਮੈਨੂੰ ਦਿੱਤਾ ਗਿਆ ਹੈ** । ਇਸ ਲਈ ਤੁਸੀਂ ਜਾ ਕੇ ਸਾਰੀਆਂ ਕੌਮਾਂ ਨੂੰ ਚੇਲੇ ਬਣਾਉ ਅਤੇ ਉਨਾਂ ਨੂੰ **ਪਿਤਾ ਅਤੇ ਪੁੱਤਰ ਅਤੇ ਪਵਿੱਤਰ ਆਤਮਾ ਦੇ ਨਾਮ ਵਿੱਚ ਬਪਤਿਸਮਾ ਦਿਓ**, ਔਰ ਉਨ੍ਹਾਂ ਨੂੰ ਸਿਖਾਉ ਭਈ ਉਨ੍ਹਾਂ ਸਾਰੀਆਂ ਗੱਲਾਂ ਦੀ ਪਾਲਣਾ ਕਰਨਾ , ਜਿਨ੍ਹਾਂ ਦਾ ਤੁਹਾਨੂੰ ਹੁਕਮ ਦਿੱਤਾ ਹੈ ਅਤੇ ਵੇਖੋ ਮੈਂ ਯੁਗ ਦੇ ਅੰਤ ਤੀਕਰ ਹਰ ਵੇਲੇ ਤੁਹਾਡੇ ਨਾਲ ਹਾਂ" ।

ਇਸ ਲਈ ਚਾਹੇ ਅਸੀਂ ਕਹਿੰਦੇ ਹਾਂ "ਪਿਤਾ, ਪੁੱਤਰ ਅਤੇ ਪਵਿੱਤਰ ਆਤਮਾ ਦੇ ਨਾਮ ਵਿੱਚ," ਜਾਂ "ਯਿਸੂ ਦੇ ਨਾਮ ਵਿੱਚ," **ਇਹ ਪਰਮੇਸ਼ੁਰ ਦੇ ਅਧਿਕਾਰ ਦੇ ਵਿੱਚ ਹੈ** ਜੋ ਅਸੀਂ ਬੋਲਦੇ ਹਾਂ (ਯਿਸੂ ਪਰਮੇਸ਼ੁਰ ਹੈ) ।

ਉਦਾਹਰਨ:
ਰਸੂਲਾਂ ਦੇ ਕਰਤੱਬ 3:6
ਪਰ ਪਤਰਸ ਨੇ ਆਖਿਆ, "ਸੋਨਾ ਚਾਂਦੀ ਤੇ ਮੇਰੇ ਕੋਲ ਨਹੀਂ ਪਰ ਜੋ ਮੇਰੇ ਕੋਲ ਹੈ ਸੋ ਮੈਂ ਤੁਹਾਨੂੰ ਦਿੰਦਾ ਹਾਂ । **ਯਿਸੂ ਮਸੀਹ** ਨਾਸਰੀ **ਦੇ ਨਾਮ ਵਿੱਚ** ਤੁਰ ਫਿਰ" ।

ਅਰਥ - ਯਿਸੂ ਮਸੀਹ ਦੇ ਅਧਿਕਾਰ ਵਿੱਚ ।

ਰਸੂਲਾਂ ਦੇ ਕਰਤੱਬ 4:18
ਤਦ ਉਹਨਾਂ ਨੂੰ ਸਦ ਕੇ ਤਗੀਦ ਕੀਤੀ ਭਈ ਕਦੇ **ਯਿਸੂ ਦੇ ਨਾਮ ਉਤੇ** ਨਾ ਕੂਣਾ ਨਾ ਸਿੱਖਿਆ ਦੇਣੀ ।

ਉਹ ਯਿਸੂ ਦੇ ਅਧਿਕਾਰ ਨਾਲ ਬੋਲ ਰਹੇ ਸਨ । ਉਸਨੇ ਉਹਨਾਂ ਨੂੰ ਕਿਹਾ "ਸਾਰੇ ਸੰਸਾਰ ਵਿੱਚ ਜਾਉ ਅਤੇ ਪ੍ਰਚਾਰ ਕਰੋ" ।

ਰਸੂਲਾਂ ਦੇ ਕਰਤੱਬ 5:40
ਉਨ੍ਹਾਂ ਨੇ ਉਹ ਦੀ ਮੰਨ ਲਈ ਔਰ ਰਸੂਲਾਂ ਨੂੰ ਕੋਲ ਸੱਦਿਆ ਤਾਂ ਮਾਰ ਕੁੱਟ ਕੇ ਉਹਨਾਂ ਨੂੰ ਤਗੀਦ ਕੀਤੀ ਜੋ **ਯਿਸੂ ਦੇ ਨਾਮ ਦਾ** ਚਰਚਾ ਨਾ ਕਰਨਾ, ਫੇਰ ਉਹਨਾਂ ਨੂੰ ਛੱਡ ਦਿੱਤਾ ।

ਅਰਥ - ਯਿਸੂ ਮਸੀਹ ਦੇ ਅਧਿਕਾਰ ਹੇਠ ।

ਰਸੂਲਾਂ ਦੇ ਕਰਤੱਬ 9:27 ਪਰ ਬਰਨਾਬਾਸ ਉਨ੍ਹਾਂ ਨੂੰ ਰਸੂਲਾਂ ਦੇ ਕੋਲ ਲੈ ਗਿਆ ਅਤੇ ਉਨ੍ਹਾਂ ਨੇ ਦੱਸਿਆ ਭਈ ਉਹਨੇ ਕਿਸ ਪ੍ਰਕਾਰ ਰਾਹ ਵਿੱਚ ਪ੍ਰਭੂ ਨੂੰ ਡਿੱਠਾ ਸੀ ਅਤੇ ਉਸਨੇ ਉਹਨਾਂ ਨਾਲ ਗੱਲਾਂ ਕੀਤੀਆਂ ਅਤੇ ਉਹ ਕਿਸ ਤਰ੍ਹਾਂ ਦੰਮਿਸਕ ਵਿੱਚ **ਯਿਸੂ ਦੇ ਨਾਮ ਉੱਤੇ** ਬੇਥੜਕ ਬਚਨ ਕਰਦਾ ਸੀ ।

ਰਸੂਲਾਂ ਦੇ ਕਰਤੱਬ 16:28
ਉਹ ਬਹੁਤ ਦਿਨਾਂ ਤੀਕੁਰ ਇਹ ਕਰਦੀ ਰਹੀ ਪਰ ਪੌਲੁਸ ਅੱਕ ਗਿਆ ਅਤੇ ਮੁੜ ਕੇ ਉਸ ਰੂਹ ਨੂੰ ਕਿਹਾ, ਮੈਂ ਤੈਨੂੰ **ਯਿਸੂ ਮਸੀਹ ਦੇ ਨਾਮ** ਨਾਲ ਹੁਕਮ ਕਰਦਾ ਹਾਂ ਜੋ ਇਸਦੇ ਵਿੱਚੋਂ ਨਿਕਲ ਜਾਹ । ਅਤੇ ਉਹ ਉਸੇ ਘੜੀ ਨਿਕੱਲ ਗਈ ।

ਅਰਥ - ਯਿਸੂ ਮਸੀਹ ਦੇ ਅਧਿਕਾਰ ਦੇ ਨਾਲ ਨਿਕਲ ਆ ।

ਇਸ ਲਈ ਪਾਣੀ ਦਾ ਬਪਤਿਸਮਾ ਹੈ:
1. ਸਾਡੀ ਇੱਕ ਤਸਵੀਰ ਮਾਰੇ ਜਾਣਾ, ਦਫਨਾਏ ਜਾਣਾ ਅਤੇ "ਮਸੀਹ ਵਿੱਚ" ਜੀ ਉਠਣਾ ।
2. ਅਤੇ ਦੂਸਰਾ, ਸਾਡਾ ਪਹਿਲਾ ਆਗਿਆਪਾਲਣ ਦਾ ਕੰਮ । ਇਹ ਆਗਿਆਪਾਲਣ ਹੈ ਜੋ ਸਾਨੂੰ ਬਚਾਉਂਦਾ ਹੈ ਸੰਸਾਰ ਦੀ ਗੰਦਗੀ ਤੋਂ ਅਤੇ ਸ਼ੈਤਾਨ ਦੇ ਹਮਲਿਆਂ ਤੋਂ ।